# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿਸਟਰਡ ਦਫਤਰ – ਪੰ.ਰਾ.ਬਿ.ਬੋ.ਦਾ ਮਾਲ, ਪਟਿਆਲਾ – 147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814
ਦਫਤਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀਤੇਐਮ ਮੰਡਲ ਮਾਲੇਰਕੋਟਲਾ।
(Phone & Fax – 01675-263536, E-mail ID – srxen-pm-mlrk@pstcl.org)


ਰਜਿਸਟਰਡ

ਓਪਨ ਟੈਂਡਰ ਇੰਨਕੁਆਰੀ ਨੰ. 01/P&M/MLK/2023-24

ਵੱਲ:

ਮੈਸ.________________________________________

____________________________________________

____________________________________________

____________________________________________

____________________________________________

____________________________________________

ਪੱਤਰ ਨੰ.            / PMDM-20.48 (23-24)      ਮਿਤੀ:

**ਵਿਸ਼ਾ:** **ਪੀਤੇਐਮ ਮੰਡਲ ਮਾਲੇਰਕੋਟਲਾ ਲਈ ਆਊਟਸੋਰਸਿੰਗ ਰਾਹੀਂ 1ਨੰ. ਗੱਡੀ ਕੰਟਰੈਕਟ ਬੇਸਿਸ ਤੇ ਕਿਰਾਏ ਤੇ ਲੈਣ ਲਈ ਕੁਟੇਸ਼ਨਾਂ ਦੀ ਮੰਗ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੀਤੇਐਮ ਮੰਡਲ ਮਾਲੇਰਕੋਟਲਾ ਲਈ ਮਿਤੀ: 07.07.2023 ਤੋਂ ਇੱਕ ਨੰਬਰ Scorpio/ Xylo/ Mahindra Bolero/ TUV300 or equivalent in price ਵਾਲੀ ਡੀਜ਼ਲ ਗੱਡੀ (ਜੋ ਕਿ 4 ਸਾਲ ਤੋਂ ਜਿਆਦਾ ਪੁਰਾਣੀ ਨਹੀਂ ਹੋਣੀ ਚਾਹੀਦੀ) ਇੱਕ ਸਾਲ ਲਈ ਕਿਰਾਏ ਤੇ ਲੈਣੀ ਹੈ। ਇਸ ਸਬੰਧੀ ਟੈਂਡਰ ਦਸਤਾਵੇਜ ਬਿਨਾਂ ਕੋਈ ਫੀਸ/ ਰਕਮ ਅਦਾ ਕੀਤੇ (ਮਿਤੀ: 15.05.2023 ਨੂੰ ਸਮਾਂ 07:30ਵਜੇ ਤੋਂ ਮਿਤੀ: 09.06.2023 ਨੂੰ ਸਮਾਂ 02:00 ਵਜੇ ਤੱਕ) ਕਿਸੇ ਵੀ ਕੰਮ ਵਾਲੇ ਦਿਨ ਸੀਨੀਅਰ ਕਾਰਜਕਾਰੀ ਇੰਜੀ:/ ਪੀਤੇਐਮ ਮੰਡਲ, 220ਕੇਵੀ ਗਰਿੱਡ ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ ਦਫਤਰ ਵਿੱਚੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਟੈਂਡਰ ਦਸਤਾਵੇਜ ਜਮ੍ਹਾਂ ਕਰਵਾਉਣ ਦੀ ਮਿਤੀ ਅਤੇ ਸਮਾਂ 12.06.2023 ਨੂੰ ਸਮਾਂ 11:00 ਵਜੇ ਤੱਕ ਹੈ ਅਤੇ ਕੁਟੇਸ਼ਨਾਂ ਮਿਤੀ 12.06.2023 ਨੂੰ ਸਮਾਂ 11:30 ਵਜੇ ਨਿਮਨਹਸਤਾਖਰ ਦੇ ਦਫਤਰ ਵਿੱਚ ਖੋਲੀਆਂ ਜਾਣਗੀਆਂ। ਜੇਕਰ ਤੁਸੀਂ ਗੱਡੀ ਕਿਰਾਏ ਤੇ ਦੇਣ ਲਈ ਇਛੁੱਕ ਹੋ ਤਾਂ ਆਪਣੀ ਕੁਟੇਸ਼ਨ ਮਿਤੀ 12.06.2023 ਸਮਾਂ 11:00 ਵਜੇ ਤੋਂ ਪਹਿਲਾਂ ਇਸ ਦਫਤਰ ਵਿਖੇ ਭੇਜ ਸਕਦੇ ਹੋ ਜੀ।

ਨੱਥੀ: ਓਪਨ ਟੈਂਡਰ ਨੋਟਿਸ।

ਸੀਨੀਅਰ ਕਾਰਜਕਾਰੀ ਇੰਜੀ:/ ਪੀਤੇਐਮ ਮੰਡਲ,
ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ।

ਪੱਤਰ ਨੰ. 299      / PMDM-20.48 (23-24)      ਮਿਤੀ: 11/05/2023

1. ਉਪ ਮੁੱਖ ਇੰਜੀ:/ ਪੀਤੇਐਮ ਹਲਕਾ, ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਨੋਟਿਸ ਬੋਰਡ।
3. PSTCL ਵੈਬਸਾਈਟ।

# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿਸਟਰਡ ਦਫਤਰ – ਪੰ.ਰਾ.ਬਿ.ਬੋ.ਦਾ ਮਾਲ, ਪਟਿਆਲਾ - 147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814
ਦਫਤਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀਤੇਐਮ ਮੰਡਲ ਮਾਲੇਰਕੋਟਲਾ।
(Phone & Fax – 01675-263536, E-mail ID – srxen-pm-mlrk@pstcl.org)

## ਓਪਨ ਟੈਂਡਰ ਨੋਟਿਸ

| | |
|---|---|
| ਦਫਤਰ ਦਾ ਨਾਮ | ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ, 220ਕੇਵੀ ਗਰਿੱਡ ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ |
| ਟੈਂਡਰ ਇਨਕੁਆਰੀ ਨੰ. | 01/ P&M/ MLK/ 2023-24 |
| ਟੈਂਡਰ ਜਾਰੀ ਕਰਤਾ | ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ, ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ |
| ਟੈਂਗਰ ਜਾਰੀ ਕਰਨ ਵਾਲੇ ਦਫਤਰ ਦਾ ਪਤਾ | ਸੀਨੀਅਰ ਕਾਰਜ਼ਕਾਰੀ ਇੰਜੀ:/ ਪੀਤੇਐਮ ਮੰਡਲ, 220ਕੇਵੀ ਗਰਿੱਡ ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਰੋਡ, ਜਿਲ੍ਹਾ- ਮਾਲੇਰਕੋਟਲਾ, ਪਿੰਨ:- 148023. |
| ਫੋਨ ਨੰਬਰ | 96461-18214 (ਸੀਨੀਅਰ ਕਾਰਜ਼ਕਾਰੀ ਇੰਜੀ:) ਅਤੇ 96461-60055 (ਸਬੰਧਤ ਵਿਅਕਤੀ) |
| ਸੰਖਿਪਤ ਵੇਰਵਾ | ਮਿਤੀ 07-07-2023 ਤੋਂ ਇੱਕ ਨੰਬਰ ਵਹੀਕਲ (Scorpio/ Xylo/ Mahindra Bolero/ TUV300 or equivalent in price), ਇੱਕ ਸਾਲ ਲਈ ਕਿਰਾਏ ਤੇ ਲੈਣ ਬਾਰੇ। ਇਹ ਗੱਡੀ ਪੀਤੇਐਮ ਮੰਡਲ ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ ਲਈ ਵਰਤੀ ਜਾਵੇਗੀ। ਗੱਡੀ 4–ਸਾਲ ਤੋਂ ਜਿਆਦਾ ਪੁਰਾਣੀ ਨਹੀਂ ਹੋਣੀ ਚਾਹੀਦੀ। |
| ਮਿਕਦਾਰ/ ਮਾਤਰਾ (ਨੰ. ਵਿੱਚ) | 1ਨੰ. ਗੱਡੀ (ਡੀਜ਼ਲ) |
| ਅੰਦਾਜਨ ਕੀਮਤ (ਰੁਪਏ) | ਰੁਪਏ 5.50ਲੱਖ (ਅੰਦਾਜਨ) |
| ਯੋਗਤਾ ਦਾ ਤਰੀਕਾ | ਡੀ.ਐਨ.ਆਈ.ਟੀ. ਮੁਤਾਬਿਕ |
| ਟੈਂਡਰ ਦਸਤਾਵੇਜ ਜਾਰੀ ਕਰਨ ਦਾ ਮਿਤੀ ਅਤੇ ਸਮਾਂ | **15.05.2023 ਨੂੰ ਸਵੇਰੇ 07:30 ਵਜੇ ਤੋਂ** |
| ਟੈਂਡਰ ਦਸਤਾਵੇਜ ਜਾਰੀ ਕਰਨ ਦੀ ਆਖਰੀ ਮਿਤੀ ਅਤੇ ਸਮਾਂ | **09.06.2023 ਨੂੰ 02:00 ਵਜੇ ਤੱਕ** |
| ਟੈਂਡਰ ਦਸਤਾਵੇਜ ਜਮ੍ਹਾਂ ਕਰਵਾਉਣ ਦਾ ਮਿਤੀ ਅਤੇ ਸਮਾਂ | **12.06.2023 ਨੂੰ 11:00 ਵਜੇ ਤੱਕ** |
| ਟੈਂਡਰ ਖੋਲਣ ਦਾ ਮਿਤੀ ਅਤੇ ਸਮਾਂ | **12.06.2023 ਨੂੰ ਸਮਾਂ 11:30 ਵਜੇ** |
| ਟੈਂਡਰ ਦਸਤਾਵੇਜਾਂ ਦੀ ਕੀਮਤ | ਨਿੱਲ |
| ਜਮਾਨਤੀ ਰਕਮ ਜਮ੍ਹਾਂ | 11,000/- ਰੁਪਏ |
| ਭੁਗਤਾਨ ਦਾ ਤਰੀਕਾ | ਡਿਮਾਂਡ ਡਰਾਫਟ ਦੇ ਰੂਪ ਵਿੱਚ "Punjab State Transmission Corporation Limited (PSTCL)" ਦੇ ਨਾਮ ਤੇ ਜੋ ਕਿ ਮਾਲੇਰਕੋਟਲਾ ਵਿਖੇ ਅਦਾਇਗੀ ਯੋਗ ਹੋਵੇ ਜਾਂ ਨਗਦ। |
| ਵੈਬ ਸਾਈਟ (ਵਧੇਰੇ ਜਾਣਕਾਰੀ ਲਈ) | www.pstcl.org |

ਸੀ.ਕਾ.ਕਾ. ਇੰਜੀ:/ ਪੀਤੇਐਮ ਮੰਡਲ, PSTCL, ਮਾਲੇਰਕੋਟਲਾ।

PUNJAB STATE TRANSMISSION CORPORATION LIMITED
(Punjab Govt. Undertaking, Regd. Office – PSEB Head office, The Mall, Patiala)
Corporate Identity Number: U40109PB2010SGC033814
OFFICE OF THE Sr. Xen/ P&M Division, Malerkotla
(Phone & Fax – 01675-263536, E-mail – srxen-pm-mlrk@pstcl.org)

# OPEN TENDER NOTICE

| | |
|---|---|
| Name of Office | Sr. Xen/ P&M Division, 220kV Grid Sub-station, PSTCL, Malerkotla |
| Tender Enquiry No. | 01/ P&M/ MLK/ 2023-24 |
| Tender Issuing Authority | Sr. Xen/ P&M Division, PSTCL, Malerkotla |
| Address detail of Issuing Authority & Contact No. | Sr. Xen/ P&M Division, 220kV Grid Sub-station, PSTCL, Ludhiana Road, District- Malerkotla, Pin- 148023. |
| Contact Number | 96461-18214 (Sr. Xen) and 96461-60055 (Dealing Person) |
| Short Description | Hiring of 1no. Vehicle Scorpio/ Xylo/ Mahindra Bolero/ TUV300 or equivalent in price for one year from 07.07.2023 for P&M Division, PSTCL, Malerkotla, Vehicle not to be more than 04 years old. |
| Quantity (In No.'s) | 1No. Diesel Vehicle |
| Estimated Cost (Rs.) | Rs. 5.50Lacs (Approx.) |
| Eligibility Criteria | As per DNIT |
| Date & time of Issue of tender documents | **From 07:30 AM on 15.05.2023** |
| Last date & time of Issue of tender documents | **Up to 02:00 PM on 09.06.2023** |
| Last date & time of Receipt of tender | **Up to 11:00 AM on 12.06.2023** |
| Date & time of Opening of Tender | **12.06.2023 at 11:30 AM** |
| Tender document Cost | NIL |
| EMD | Rs. 11,000/- |
| Payment Mode | Demand Draft in favour of "Punjab State Transmission Corporation Limited (PSTCL) payable at Malerkotla" or Cash. |
| URL for additional information | www.pstcl.org |

Sr. Xen/ P&M Division PSTCL Malerkotla

# <u>ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ</u>

**ਕੰਮ ਦਾ ਨਾਮ:-** ਮਿਤੀ 07-07-2023 ਤੋਂ ਇੱਕ ਨੰਬਰ ਵਹੀਕਲ (Scorpio/ Xylo/ Mahindra Bolero/ TUV300 or equivalent in price ਅਤੇ ਗੱਡੀ 4–ਸਾਲ ਤੋਂ ਜਿਆਦਾ ਪੁਰਾਣੀ ਨਹੀਂ ਹੋਣੀ ਚਾਹੀਦੀ), ਇੱਕ ਸਾਲ ਲਈ ਕਿਰਾਏ ਤੇ ਲੈਣ ਬਾਰੇ।

ਟੈਂਡਰ ਇੰਨਕੁਆਰੀ ਨੰਬਰ: **01/P&M/MLK/2023-24**

ਅੰਦਾਜਨ ਕੀਮਤ (ਰੁ:) **Rs. 5.50 Lakhs**

| ਲੜੀ ਨੰ. | ਵੇਰਵਾ | ਪੰਨਾ |
|---|---|---|
| 1 | ਕੀਮਤਾਂ ਦਾ ਸ਼ਡਿਊਲ (Annexure–A) | 1 |
| 2 | ਸ਼ਰਤਾਂ ਅਤੇ ਨਿਯਮ | 1-4 |

ਟੈਂਡਰ ਦਸਤਾਵੇਜ ਜਾਰੀ ਕਰਨ ਦੀ ਮਿਤੀ ਅਤੇ ਸਮਾਂ :- **15.05.2023 ਨੂੰ ਸਵੇਰੇ 07:30 ਵਜੇ ਤੋਂ 09.06.2023 ਨੂੰ 02:00 ਵਜੇ ਤੱਕ**

ਟੈਂਡਰ ਜਮਾਂ ਕਰਵਾਉਣ ਦੀ ਮਿਤੀ ਅਤੇ ਸਮਾਂ :- **12.06.2023 ਨੂੰ 11:00 ਵਜੇ ਤੱਕ**

ਟੈਂਡਰ ਖੋਲਣ ਦੀ ਮਿਤੀ ਅਤੇ ਸਮਾਂ :- **12.06.2023 ਨੂੰ 11:30 ਵਜੇ**

ਟੈਂਡਰ ਦਸਤਾਵੇਜਾਂ ਦੀ ਕੀਮਤ :- **ਨਿੱਲ**

**Annexure-A**

# ਕੀਮਤਾਂ ਦਾ ਸ਼ਡਿਊਲ

ਪੀਤੇਐਮ ਮੰਡਲ ਮਾਲੇਰਕੋਟਲਾ ਲਈ ਮਿਤੀ 07-07-2023 ਤੋਂ ਇੱਕ ਨੰਬਰ ਵਹੀਕਲ (Scorpio/ Xylo/ Mahindra Bolero/ TUV300 or equivalent in price ਅਤੇ ਗੱਡੀ 4–ਸਾਲ ਤੋਂ ਜਿਆਦਾ ਪੁਰਾਣੀ ਨਹੀਂ ਹੋਣੀ ਚਾਹੀਦੀ), ਇੱਕ ਸਾਲ ਲਈ ਕਿਰਾਏ ਤੇ ਲੈਣ ਬਾਰੇ।

| ਲੜੀ ਨੰਬਰ | ਵਹੀਕਲ ਦਾ ਵੇਰਵਾ | ਗਿਣਤੀ | ਫਿਕਸ ਰੇਟ ਪ੍ਰਤੀ ਮਹੀਨਾ (ਸਮੇਤ 1000 ਕਿ.ਮੀ) {ਸਿਵਾਏ **GST**} | ਰੇਟ ਪ੍ਰਤੀ ਕਿ:ਮੀ: (1000 ਕਿ.ਮੀ. ਤੋਂ ਬਾਅਦ) {ਸਿਵਾਏ **GST**} | ਮਾਲੇਰਕੋਟਲਾ ਤੋਂ ਬਾਹਰ ਰਾਤ ਠਹਿਰਣ ਦਾ ਖਰਚਾ (ਸਮਾਂ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ) {ਸਿਵਾਏ **GST**} |
|---|---|---|---|---|---|
| 1 | | 1 | | | |

ਮੈਂ ਟੈਂਡਰ ਵਿੱਚ ਦਿੱਤੇ ਹੋਏ ਸਾਰੇ ਨਿਯਮ ਅਤੇ ਸ਼ਰਤਾਂ ਚੰਗੀ ਤਰਾਂ ਪੜ੍ਹ ਲਈਆਂ ਹਨ ਅਤੇ ਟੈਂਡਰ ਵਿੱਚ ਦਿੱਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਆਪਣੀ ਕੁਟੇਸ਼ਨ ਦੇ ਰਿਹਾਂ ਹਾਂ।

ਮਿਤੀ ____________________

ਜਗ੍ਹਾਂ ___________________

ਠੇਕੇਦਾਰ ਦੇ ਦਸਤਖਤ _________________________

ਨਾਮ _____________________________________

ਪਤਾ______________________________________

_________________________________________

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿਸਟਰਡ ਦਫਤਰ – ਪੰ.ਰਾ.ਬਿ.ਬੋ.ਦਾ ਮਾਲ, ਪਟਿਆਲਾ - 147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814
ਦਫਤਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀਤੇਐਮ ਮੰਡਲ ਮਾਲੇਰਕੋਟਲਾ
(Phone & Fax – 01675-263536, E-mail ID – srxen-pm-mlrk@pstcl.org)

**ਵਿਸ਼ਾ: ਦਫਤਰੀ ਵਰਤੋਂ ਲਈ ਕਿਰਾਏ ਤੇ ਗੱਡੀ ਲੈਣ ਸਬੰਧੀ ਪ੍ਰਸਤਾਵ ਨਾਲ ਸਬੰਧਤ ਸ਼ਰਤਾਂ।**

ਇਹ ਦਫਤਰ ਪੀਤੇਐਮ ਮੰਡਲ ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ ਵਾਸਤੇ ਗੱਡੀ ਕਿਰਾਏ ਤੇ ਲੈਣ ਦਾ ਚਾਹਵਾਨ ਹੈ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਕਿਰਾਏ ਦੇ ਘੱਟੋਂ ਘੱਟ ਰੇਟ ਸਬੰਧੀ ਇਸ ਦਫਤਰ ਨੂੰ ਸੂਚਿਤ ਕਰੋ। ਕੁਟੇਸ਼ਨਾਂ ਇਸ ਦਫਤਰ ਵਿਖੇ ਮਿਤੀ 12.06.2023 ਨੂੰ ਸਮਾਂ 11:00 ਵਜੇ ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਜੋ ਕਿ ਉਸੇ ਹੀ ਦਿਨ 11:30 ਵਜੇ ਨਿਮਨਹਸਤਾਖਰ ਵੱਲੋਂ ਖੋਲੀਆਂ ਜਾਣਗੀਆਂ। ਉਸ ਸਮੇਂ ਤੁਸੀ ਜਾਂ ਤੁਹਾਡਾ ਪ੍ਰਤੀਨਿਧੀ ਹਾਜਰ ਹੋ ਸਕਦਾ ਹੈ। ਵਧੀਆ ਲਿਫਾਫੇ ਉਪਰ ਸੁੰਦਰ ਲਿਖਾਈ ਨਾਲ ਟੈਂਡਰ ਦਾ ਨਾਂ ਲਿਖਿਆ ਹੋਵੇ।

| ਲੜੀ ਨੰਬਰ | ਵਹੀਕਲ ਦਾ ਵੇਰਵਾ (**Scorpio/ Xylo/ Mahindra Bolero/ TUV300 or equivalent in price**, 4 ਸਾਲ ਤੋਂ ਜਿਆਦਾ ਪੁਰਾਣੀ ਨਾਂ ਹੋਵੇ) | ਗਿਣਤੀ | ਫਿਕਸ ਰੇਟ ਪ੍ਰਤੀ ਮਹੀਨਾ (ਸਮੇਤ 1000 ਕਿ.ਮੀ) {ਸਿਵਾਏ **GST**} | ਰੇਟ ਪ੍ਰਤੀ ਕਿ:ਮੀ: (1000 ਕਿ.ਮੀ. ਤੋਂ ਬਾਅਦ) {ਸਿਵਾਏ **GST**} | ਮਾਲੇਰਕੋਟਲਾ ਤੋਂ ਬਾਹਰ ਰਾਤ ਠਹਿਰਣ ਦਾ ਖਰਚਾ (ਸਮਾਂ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ) {ਸਿਵਾਏ **GST**} |
|---|---|---|---|---|---|
| 1 | | 1 | | | |

ੳ) <u>ਗੱਡੀ ਨਾਲ ਸਬੰਧਤ ਸ਼ਰਤਾਂ ਅਤੇ ਨਿਯਮ</u>:-

1. ਗੱਡੀ 4-ਸਾਲ ਤੋਂ ਜਿਆਦਾ ਪੁਰਾਣੀ ਨਹੀਂ ਹੋਣੀ ਚਾਹੀਦੀ। ਵਰਕ ਆਰਡਰ ਪਹਿਲਾਂ ਇੱਕ ਸਾਲ ਲਈ ਹੋਵੇਗਾ ਅਤੇ ਪਹਿਲਾਂ ਵਾਲਾ ਵਰਕ ਆਰਡਰ ਸਲਾਨਾ ਤੌਰ ਤੇ ਇੱਕ ਸਾਲ ਲਈ ਅਤੇ ਵੱਧ ਤੋਂ ਵੱਧ ਦੋ ਸਾਲਾਂ ਲਈ ਗੱਡੀ/ ਠੇਕੇਦਾਰ ਦੀ ਕਾਰਜਗੁਜਾਰੀ ਅਤੇ ਮਾਰਕਿਟ ਰੇਟਾਂ, ਗੱਡੀ ਦੀ ਕਿਸਮ/ ਉਮਰ ਨੂੰ ਧਿਆਨ ਵਿੱਚ ਰੱਖਦੇ ਹੋਏ ਵਧਾਇਆ ਜਾ ਸਕਦਾ ਹੈ। ਕੰਮ ਤਸੱਲੀਬਖਸ਼ ਹੋਣ ਦੀ ਸੂਰਤ ਵਿੱਚ ਮਹਿਕਮੇ ਵੱਲੋਂ ਸਲਾਨਾ ਤੌਰ ਤੇ ਵਰਕ ਆਰਡਰ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

2. ਕੇਵਲ ਵਪਾਰਕ ਗੱਡੀ (ਪੀਲੀ ਪਲੇਟ) ਸਮੇਤ ਰਜਿਸਟ੍ਰੇਸ਼ਨ ਸਰਟੀਫਿਕੇਟ ਹੀ ਕਿਰਾਏ ਤੇ ਲਈ ਜਾਵੇਗੀ। ਕੋਈ ਵੀ ਕਾਰਪੋਰੇਸ਼ਨ ਨਾਲ ਜੁੜਿਆ ਕਰਮਚਾਰੀ ਜਾਂ ਉਸ ਦੇ ਪਰਿਵਾਰਿਕ ਮੈਂਬਰ ਟੈਂਡਰ ਅਪਲਾਈ ਨਹੀਂ ਕਰ ਸਕਦੇ ਹਨ। ਕਿਸੇ ਕਿਸਮ ਦੀ ਉਲਘੰਣਾ ਦੀ ਸੂਰਤ ਵਿੱਚ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਸਬੰਧਤ ਕਰਮਚਾਰੀ ਅਨੁਸਾਸ਼ਨੀ ਕਰਵਾਈ ਦਾ ਜਵਾਬਦੇਹ/ ਜਿੰਮੇਦਾਰ ਹੋਵੇਗਾ। ਜੇਕਰ ਠੇਕੇਦਾਰ ਵੱਲੋਂ ਪੀਲੀ ਪਲੇਟ ਵਾਲੀ ਗੱਡੀ ਮੁਹੱਈਆਂ ਨਹੀ ਕਰਵਾਈ ਜਾਂਦੀ, ਉਸ ਸੂਰਤ ਵਿੱਚ ਜਮਾਨਤੀ ਰਕਮ ਜਬਤ ਕਰ ਦਿੱਤੀ ਜਾਵੇਗੀ ਅਤੇ ਠੇਕੇਦਾਰ ਨੂੰ black ਲਿਸਟ ਕਰ ਦਿੱਤਾ ਜਾਵੇਗਾ।

3. ਇਹ ਗੱਡੀ ਕਿਸੇ ਵੀ ਸਮੇਂ ਜਰੂਰਤ ਪੈਣ ਤੇ ਵਰਤੀ ਜਾ ਸਕਦੀ ਹੈ ਜੋ ਕਿ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਮੁੱਹਈਆ ਕਰਵਾਈ ਜਾਵੇਗੀ। ਗੱਡੀ ਕਾਰਪੋਰੇਸ਼ਨ ਦੇ ਪੰਜਾਬ, ਚੰਡੀਗੜ੍ਹ ਅਤੇ ਦਿੱਲੀ ਵਿਖੇ ਸਥਿਤ ਦਫਤਰਾਂ ਲਈ ਅਤੇ ਪੰਜਾਬ ਰਾਜ ਦੇ ਨਾਲ ਲੱਗਦੇ ਰਾਜਾਂ ਜਿਵੇਂ ਕਿ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਣ ਅਤੇ ਜੰਮੂ-ਕਸ਼ਮੀਰ ਲਈ ਵੀ ਵਰਤੀ ਜਾਵੇਗੀ।

4. ਕਾਰਪੋਰੇਸ਼ਨ ਨਾਲ ਕੀਤੇ ਜਾਣ ਵਾਲੇ ਵਰਕ ਕੰਟਰੈਕਟ ਸਮੇਂ ਦੌਰਾਨ ਡਰਾਈਵਰ ਅਤੇ ਸਫਰ ਕਰਨ ਵਾਲੇ ਮੁਸਾਫਿਰਾਂ ਸਮੇਤ ਗੱਡੀ ਦਾ ਵਿਆਪਕ ਤੌਰ ਤੇ ਬੀਮਾ ਕਰਵਾਇਆ ਹੋਣਾ ਚਾਹੀਦਾ ਹੈ। ਇੰਨਸ਼ੋਰੈਂਸ ਪ੍ਰੀਮੀਅਮ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਅਦਾ ਕੀਤਾ ਜਾਵੇਗਾ। ਜੇਕਰ ਕਿਸੇ ਸਮੇਂ ਕੋਈ ਵੀ ਇੰਸ਼ੋਰੈਂਸ ਕਲੇਮ ਇੰਸ਼ੋਰੈਂਸ ਕੰਪਨੀ ਵੱਲੋਂ ਪਾਇਆ ਜਾਵੇਗਾ, ਉਹ ਠੇਕੇਦਾਰ/ ਸਰਵਿਸ ਦੇਣ ਵਾਲੇ ਦੁਆਰਾ ਅਦਾਇਗੀਯੋਗ ਹੋਵੇਗਾ।

5. ਗੱਡੀ ਦਾ ਸਮਾਬੱਧ ਬਣਦਾ ਰੋਡ ਟੈਕਸ ਠੇਕੇਦਾਰ/ ਸਰਵਿਸ ਦੇਣ ਵਾਲੇ ਦੁਆਰਾ ਭਰਿਆ ਜਾਵੇਗਾ ਅਤੇ ਇਸ ਨੂੰ ਸਮੇਂ ਅਨੁਸਾਰ ਠੇਕੇਦਾਰ/ ਸਰਵਿਸ ਦੇਣ ਵਾਲੇ ਦੁਆਰਾ ਮੁੱਕਮਲ ਰੱਖਿਆ ਜਾਵੇਗਾ।

6. ਠੇਕੇਦਾਰ/ ਸਰਵਿਸ ਦੇਣ ਵਾਲੇ ਕੋਲ ਗੱਡੀ ਦਾ ਮਾਨਤਾ ਪ੍ਰਾਪਤ ਪ੍ਰਦੂਸ਼ਣ ਸਰਟੀਫਿਕੇਟ ਹੋਣਾ ਚਾਹੀਦਾ ਹੈ, ਜੋ ਕਿ ਕਾਰਪੋਰੇਸ਼ਨ ਵੱਲੋਂ ਮੰਗ ਕੀਤੇ ਜਾਣ ਤੇ ਡਰਾਈਵਰ ਵੱਲੋਂ ਦਿਖਾਇਆ ਜਾ ਸਕੇ।

7. ਠੇਕੇਦਾਰ/ ਸਰਵਿਸ ਦੇਣ ਵਾਲੇ ਕੋਲ ਆਪਣੇ ਪੱਧਰ ਤੇ ਗੱਡੀ ਸਬੰਧੀ ਫਿਟਨੈਸ (ਉਕਯੁਕਤਤਾ) ਸਰਟੀਫਿਕੇਟ ਅਤੇ ਗੱਡੀ ਦੀ ਰਜਿਸਟ੍ਰੇਸ਼ਨ ਸਬੰਧੀ ਮੁਕੰਮਲ ਦਸਤਾਵੇਜ ਮੌਜੂਦ ਹੋਣੇ ਚਾਹੀਦੇ ਹਨ।

8. ਗੱਡੀ ਦੇ ਹੋਰ ਖਰਚੇ ਜਿਵੇਂ ਤੇਲ, ਮੋਬਿਲ-ਆਇਲ, ਸਰਵਿਸ ਚਾਰਜ਼ਿਸ, ਹੋਰ ਟੁੱਟ-ਭੱਜ, ਰੱਖ-ਰਖਾਓ ਆਦਿ ਦੇ ਖਰਚਿਆਂ ਸਬੰਧੀ ਠੇਕੇਦਾਰ/ ਸਰਵਿਸ ਦੇਣ ਵਾਲਾ ਆਪ ਜਿੰਮੇਵਾਰ ਹੋਵੇਗਾ ਅਤੇ ਗੱਡੀ ਨੂੰ ਹਰ ਸਮੇਂ ਚੰਗੀ ਹਾਲਤ ਵਿੱਚ ਚੱਲਣਯੋਗ ਰੱਖੇਗਾ। ਕਿਸੇ ਵੀ ਕਿਸਮ ਦੇ ਗੱਡੀ ਦੀ ਟੁੱਟ-ਭੱਜ/ ਨੁਕਸਾਨ ਦੀ ਸੂਰਤ ਵਿੱਚ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਹੋਰ ਚੰਗੀ ਹਾਲਤ ਵਾਲੀ ਗੱਡੀ ਮੁਹੱਈਆਂ ਕਰਵਾਈ ਜਾਵੇਗੀ।

9. ਇਸ ਦੇ ਨਾਲ ਇਸ ਗੱਡੀ ਦੇ ਹੋਰ ਖਰਚੇ ਜਿਵੇਂ ਕਿ ਰਜਿਸਟ੍ਰੇਸ਼ਣ, ਬੀਮਾਂ, ਸਰਵਿਸ/ ਰਿਪੇਅਰ, ਰੋਡ ਟੈਕਸ, ਡਰਾਈਵਰ ਦੀ ਤਨਖਾਹ/ ਭੱਤੇ ਅਤੇ ਹੋਰ ਖਰਚਿਆਂ ਸਬੰਧੀ ਠੇਕੇਦਾਰ/ ਸਰਵਿਸ ਦੇਣ ਵਾਲਾ ਆਪ ਜਿੰਮੇਵਾਰ ਹੋਵੇਗਾ। ਫਿਕਸ ਰੇਟ ਅਤੇ ਵਾਧੂ ਚਲਾਏ ਗਏ ਕਿ.ਮੀ. ਸਬੰਧੀ ਖਰਚਿਆਂ ਅਤੇ ਨਾਈਟ ਹਾਲਟ ਚਾਰਜ਼ਿਸ (ਰਾਤ 10:00 ਵਜੇ ਤੋਂ ਸਵੇਰੇ 06:00 ਵਜੇ ਤੱਕ) ਦੀ ਅਦਾਇਗੀ ਕਾਰਪੋਰੇਸ਼ਨ ਵੱਲੋਂ ਕੀਤੀ ਜਾਵੇਗੀ।

10. ਚਲਾਨ ਸਮੇਤ ਜੁਰਮਾਨਾ, ਡੈਮੇਜ, ਕੋਰਟ ਕੇਸ, ਪੁਲਿਸ ਕੇਸ ਆਦਿ ਦੇ ਖਰਚਿਆ ਸਬੰਧੀ ਜਿੰਮੇਵਾਰੀ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਹੋਵੇਗੀ ਅਤੇ ਕਾਪਰੋਰੇਸ਼ਨ ਦੀ ਇਸ ਵਿੱਚ ਕਿਸੇ ਵੀ ਕਿਸਮ ਦੀ ਕੋਈ ਹਿੱਸੇਦਾਰੀ ਨਹੀਂ ਹੋਵੇਗੀ।

11. ਠੇਕੇਦਾਰ/ ਸਰਵਿਸ ਦੇਣ ਵਾਲੇ ਕੋਲ ਗੱਡੀ ਸਬੰਧੀ "ਮੰਨਜੂਰਸ਼ੁਦਾ ਪਰਮਿਟ" ਹੋਣਾ ਚਾਹੀਦਾ ਹੈ। ਇੰਟਰ-ਸਟੇਟ ਪਰਮਿਟ ਲਈ ਕਿਸੇ ਕਿਸਮ ਦੇ ਚਾਰਜ਼ਿਸ ਦੀ ਅਦਾਇਗੀ ਕਾਰਪੋਰੇਸ਼ਨ ਵੱਲੋਂ ਨਹੀਂ ਕੀਤੀ ਜਾਵੇਗੀ।

12. ਟੋਲ ਟੈਕਸ/ ਪਾਰਕਿੰਗ ਚਾਰਜ਼ਿਸ ਆਦਿ ਜੇਕਰ ਲੱਗੇਗਾ ਤਾਂ ਬਿਲਾਂ ਦੇ ਨਾਲ ਅਸਲ ਰਸੀਦ ਪੇਸ਼ ਕਰਨ ਤੇ ਕਾਰਪੋਰੇਸਨ ਵਲੋਂ ਅਦਾ ਕੀਤਾ ਜਾਵੇਗਾ।

13. ਤੀਸਰੀ ਪਾਰਟੀ ਸਮੇਤ ਕੁੱਲ ਦੇਣਦਾਰੀ/ ਜਵਾਬਦੇਹੀ ਜੇਕਰ ਹੋਵੇ ਜਾਂ ਕਿਸੇ ਕਿਸਮ ਦੇ ਗੱਡੀ ਦੇ ਦੁਰਘਟਨਾ/ ਐਕਸੀਡੈਂਟ ਜਾਂ ਕਿਸੇ ਕਿਸਮ ਦੇ ਐਕਟ ਦੀ ਲਾਪਰਵਾਹੀ ਸਬੰਧੀ ਜਿੰਮੇਵਾਰੀ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਹੋਵੇਗੀ, ਕਾਪਰੋਰੇਸ਼ਨ ਸਿੱਧੇ/ ਅਸਿੱਧੇ ਤੌਰ ਤੇ ਜਿੰਮੇਵਾਰ ਨਹੀਂ ਹੋਵੇਗਾ।

14. ਸਫਰ ਦੌਰਾਨ ਪਾਏ ਜਾਣ ਵਾਲੇ ਕਿਸੇ ਕਿਸਮ ਦੇ ਛੋਟੇ ਰਿਪੇਅਰ ਨੂੰ ਅਟੈਂਡ ਕਰਨ ਲਈ ਠੇਕੇਦਾਰ/ ਸਰਵਿਸ ਦੇਣ ਵਾਲਾ ਲੋੜੀਂਦਾ ਸਪੇਅਰ ਟਾਇਰ, ਟੂਲਜ਼, ਸਪੇਅਰਜ਼ ਅਤੇ ਵਰਤੋਂ ਵਿੱਚ ਲਿਆਂਦੀਆਂ ਜਾਣ ਵਾਲੀਆਂ ਹੋਰ ਆਈਟਮਾਂ ਮੁੱਹਈਆਂ ਕਰਵਾਏਗਾ ਅਤੇ ਰਿਪੇਅਰ ਲਈ ਜਿੰਮੇਵਾਰ ਹੋਵੇਗਾ।

15. ਠੇਕੇਦਾਰ/ ਸਰਵਿਸ ਦੇਣ ਵਾਲਾ ਇਹ ਯਕੀਨੀ ਬਣਾਏਗਾ ਕਿ ਡਰਾਈਵਰ ਕੋਲ ਵੈਲਿਡ ਡਰਾਇਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ। ਸਮੇਂ-ਸਮੇਂ ਅਨੁਸਾਰ ਦੇ ਲਾਈਸੈਂਸ ਦੀ ਵੈਲੀਡਿਟੀ ਅਤੇ ਡਰਾਈਵਰ ਦੀ ਫਿਟਨੈਸ ਸਬੰਧੀ ਨਿਗਰਾਨੀ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਹੋਵੇਗੀ।

16. ਡਰਾਈਵਰ ਨਿਯਮਿਤ, ਸਭਿੱਅਤਾਪੂਰਨ ਅਤੇ ਕਿਸੇ ਕਿਸਮ ਦੇ ਡੱਰਗ ਜਾਂ ਜਹਿਰੀਲੇ ਮਾਦਕ ਪਦਾਰਥ/ ਸ਼ਰਾਬ ਦਾ ਆਦੀ ਨਹੀਂ ਹੋਣਾ ਚਾਹੀਦਾ ਹੈ। ਠੇਕੇਦਾਰ/ ਸਰਵਿਸ ਦੇਣ ਵਾਲਾ ਡਰਾਈਵਰ ਦੇ ਵਿਵਹਾਰ ਸਬੰਧੀ ਜਿੰਮੇਵਾਰ ਹੋਵੇਗਾ। ਜੇਕਰ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਧਿਆਨ ਵਿੱਚ ਪਾਈ ਜਾਂਦੀ ਹੈ ਤਾਂ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਤੁਰੰਤ ਡਰਾਈਵਰ ਬਦਲੀ ਕੀਤਾ ਜਾਵੇਗਾ।

17. ਜੇਕਰ ਡਰਾਈਵਰ ਛੁੱਟੀ ਤੇ ਜਾਂ ਕਿਸੇ ਬਿਮਾਰੀ ਕਾਰਨ (ਚਿਕਿਤਸਕ ਤੌਰ ਤੇ) ਜਾਂ ਕਿਸੇ ਹੋਰ ਕਾਰਣਾਂ ਕਰਕੇ ਮੌਜੂਦ ਨਾ ਹੋਵੇ ਤਦ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਬਦਲਵਾ ਡਰਾਈਵਰ ਮੁੱਹਈਆ ਕਰਵਾਉਣ ਦੀ ਜਿੰਮੇਵਾਰੀ ਹੋਵੇਗੀ।

18. ਮਹੀਨੇ ਦੌਰਾਨ ਵੱਧ ਤੋਂ ਵੱਧ 4 ਦਿਨਾਂ ਦੀ ਛੁੱਟੀ ਮਿਲੇਗੀ ਜਿਸ ਵਿੱਚ ਗੱਡੀ ਦੀ ਸਰਵਿਸ ਅਤੇ ਰੱਖ-ਰਖਾਓ ਜਾਂ ਰਿਪੇਅਰ ਕਰਵਾਈ ਜਾ ਸਕਦੀ ਹੈ, ਜਿਸ ਲਈ ਕਿਸੇ ਕਿਸਮ ਦੀ ਕਟੌਤੀ ਨਹੀਂ ਹੋਵੇਗੀ। ਉਕਤ ਕੰਮ ਸਬੰਧੀ ਸਬੰਧਤ ਅਫਸਰ/ ਸੀਨੀਅਰ ਕਾਰਜਕਾਰੀ ਇੰਜੀ:/ ਪੀਤੇਐਮ ਮੰਡਲ, ਮਾਲੇਰਕੋਟਲਾ ਨੂੰ ਸੂਚਿਤ ਕੀਤਾ ਜਾਵੇ। ਸ਼ਨੀਵਾਰ/ ਐਤਵਾਰ ਜਾਂ ਜਨਤਕ ਛੁੱਟੀ ਵਾਲੇ ਦਿਨ ਗੱਡੀ ਦੀ ਸਰਵਿਸ ਜਾਂ ਰਿਪੇਅਰ ਆਦਿ ਸਬੰਧਤ ਅਫਸਰ ਦੇ ਧਿਆਨ ਵਿੱਚ ਲਿਆ ਕੇ ਕਰਵਾਈ ਜਾ ਸਕਦੀ ਹੈ। ਜੇਕਰ ਕਿਸੇ ਕੰਮ ਵਾਲੇ ਦਿਨ ਗੱਡੀ ਵਿੱਚ ਕੋਈ ਖਰਾਬੀ ਜਾਂ ਗੱਡੀ ਸਰਵਿਸਿੰਗ ਲਈ ਗਈ ਹੋਵੇ ਤਾਂ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਦੂਜੀ ਗੱਡੀ ਮੁੱਹਈਆਂ ਕਰਵਾਈ ਜਾਵੇਗੀ।

19. ਸਬੰਧਤ ਅਫਸਰ/ ਅਧਿਕਾਰੀ ਵੱਲੋਂ ਮੰਗ ਕੀਤੇ ਜਾਣ ਤੇ ਮਿੱਥੇ ਸਮੇਂ ਦੌਰਾਨ ਗੱਡੀ ਨਾਂ ਭੇਜਣ ਤੇ ਜਾਂ ਗੱਡੀ ਭੇਜਣ ਵਿੱਚ ਕਿਸੇ ਕਿਸਮ ਦੀ ਦੇਰੀ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਅਨਗਹਿਲੀ ਲਈ ਜੁਰਮਾਨੇ ਵੱਜੋਂ ਪ੍ਰਤੀ ਅਨਗਹਿਲੀ ਲਈ 1000/- ਰੁਪਏ ਦੀ ਵਸੂਲੀ ਠੇਕੇਦਾਰ/ ਸਰਵਿਸ ਦੇਣ ਵਾਲੇ ਤੋਂ ਕੀਤੀ ਜਾਵੇਗੀ।

20. ਠੇਕੇਦਾਰ/ ਸਰਵਿਸ ਦੇਣ ਵਾਲਾ ਡਰਾਈਵਰ ਨੂੰ ਵਧੀਆ ਸੰਚਾਰ ਕੰਪਨੀ ਦਾ ਮੋਬਾਇਲ ਕੁਨੈਕਸ਼ਨ ਅਤੇ ਚੰਗੀ ਹਾਲਤ ਦਾ ਮੋਬਾਈਲ ਫੋਨ ਮੁੱਹਈਆਂ ਕਰਵਾਏਗਾ।

21. ਠੇਕੇਦਾਰ/ ਸਰਵਿਸ ਦੇਣ ਵਾਲਾ ਗੱਡੀ ਸਬੰਧੀ ਲਾਰੀ ਲਾਗਬੁੱਕ ਮੇਨਟੇਨ ਕਰੇਗਾ।

22. ਸਾਰੀਆਂ ਜਰਨੀਆਂ ਜਿਵੇਂ ਕਿ ਮਿਤੀ, ਜਗ੍ਹਾਂ (ਜਿੱਥੋਂ ਤੋਂ, ਜਿੱਥੇ ਤੱਕ), ਪਹੁੰਚਣ/ ਆਉਣ-ਜਾਣ ਦਾ ਸਮਾਂ, ਸ਼ੁਰੂਆਤ/ ਖਤਮ ਕਿ.ਮੀ. ਰੀਡਿੰਗ ਸਮੇਤ ਚਲਾਏ ਗਏ ਕਿ.ਮੀ., ਮਕਸਦ (ਸਟੋਰ ਵਿੱਚੋਂ ਸਮਾਨ ਲਿਆਉਣ ਜਾਂ ਛੱਡ ਕੇ ਆਉਣ ਸਬੰਧੀ ਲੋੜੀਂਦੀ ਜਾਣਕਾਰੀ), ਸਫਰ ਕਰਨ ਵਾਲੇ ਅਧਿਕਾਰੀ/ ਅਫਸਰ ਦੇ ਦਸਤਖਤ (ਸਮੇਤ ਅਹੁਦਾ) ਆਦਿ ਸਬੰਧੀ ਇੰਦਰਾਜ ਲਾਗ ਬੁੱਕ ਵਿੱਚ ਹੋਣਾ ਚਾਹੀਦਾ ਹੈ।

23. ਲਾਗ ਬੁੱਕ ਮੁਤਾਬਿਕ ਮਹੀਨਾਵਾਰ ਅਦਾਇਗੀ ਚੈੱਕ ਰਾਹੀ ਕੀਤੀ ਜਾਵੇਗੀ ਜੋ ਕਿ ਸਫਰ ਕਰਨ ਵਾਲੇ ਅਧਿਕਾਰੀ/ ਅਫਸਰ ਵੱਲੋਂ ਤਸਦੀਕ ਕੀਤੀ ਹੋਵੇਗੀ ਅਤੇ ਕਿਸੇ ਕਿਸਮ ਦੀ ਐਂਡਵਾਂਸ ਅਦਾਇਗੀ ਕਾਰਪੋਰੇਸ਼ਨ ਵੱਲੋਂ ਨਹੀਂ ਕੀਤੀ ਜਾਵੇਗੀ।

24. ਮਿਤੀ: 24.04.2023 ਨੂੰ ਨਵੀਂ ਜਾਰੀ ਹੋਈ ਕਾਰਪੋਰੇਟ ਟਰਾਂਸਪੋਰਟ ਪਾਲਿਸੀ ਵਿੱਚ ਪੇਜ ਨੰ. 9 ਤੇ ਲਿਖੇ ਅਨੁਸਾਰ ਮਹੀਨਾਵਾਰ ਰੇਟਾਂ ਲਈ ਡੀਜਲ ਰੇਟ 90.25/- ਰੁਪਏ (Diesel Rate as on 01.04.2022) ਦਰਸਾਇਆ ਗਿਆ ਹੈ, ਉਸ ਨੂੰ ਬੇਸ ਰੇਟ ਮੰਨਿਆ ਜਾਵੇਗਾ। ਅਗਲੇ ਮਹੀਨੇ ਦੀ 1 ਤਾਰੀਖ ਨੂੰ ਡੀਜਲ ਦੇ ਰੇਟ ਵਿੱਚ ਬੇਸ ਰੇਟ ਤੋਂ ਜੇਕਰ ਬਦਲਾਅ ਪਾਇਆ ਜਾਂਦਾ ਹੈ, ਤਦ 5 ਪੈਸੇ ਕਾਰ ਲਈ/ 8 ਪੈਸੇ ਹੋਰ ਗੱਡੀ (7 ਸੀਟਾਂ ਵਾਲੀ ਅਤੇ ਇੰਜਨ ਦੀ ਸਮੱਰਥਾ 2000CC ਤੋਂ ਵੱਧ ਹੋਵੇ) ਲਈ ਪ੍ਰਤੀ 1 ਰੁਪਏ ਦਾ ਬਦਲਾਅ ਗੱਡੀ ਦੇ ਜੋ ਵੀ ਅਸਲ (Actual) ਕਿ.ਮੀ. ਚੱਲਣਗੇ ਉਸ ਤੇ ਲਾਗੂ ਹੋਵੇਗਾ।

25. ਠੇਕੇਦਾਰ/ ਸਰਵਿਸ ਦੇਣ ਵਾਲੇ/ ਕਾਰਪੋਰੇਸ਼ਨ ਵੱਲੋਂ ਟੈਕਸ/ ਜੀ.ਐਸ.ਟੀ. ਸਮੇਂ-ਸਮੇਂ ਸਿਰ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਿਕ ਲਾਗੂ ਰੇਟਾਂ ਦੇ ਹਿਸਾਬ ਨਾਲ ਭਰਿਆ ਜਾਵੇਗਾ।

26. ਜੇਕਰ ਠੇਕੇਦਾਰ/ ਸਰਵਿਸ ਦੇਣ ਵਾਲੇ ਦੀਆਂ ਸੇਵਾਵਾਂ ਤਸੱਲੀਬਖਸ਼ ਨਹੀਂ ਪਾਈਆਂ ਜਾਂਦੀਆਂ ਤਾਂ ਕੰਟਰੈਕਟ 15 ਦਿਨਾਂ ਦਾ ਨੋਟਿਸ ਦੇ ਕੇ ਖਤਮ ਕੀਤਾ ਜਾ ਸਕਦਾ ਹੈ।

27. ਜੇਕਰ ਕੰਟਰੈਕਟ ਦੇ ਸਬੰਧ ਵਿੱਚ ਠੇਕੇਦਾਰ/ ਸਰਵਿਸ ਦੇਣ ਵਾਲੇ ਅਤੇ ਕਾਰਪੋਰੇਸ਼ਨ ਵਿਚਕਾਰ ਕੋਈ ਕਿਸੇ ਵੀ ਕਿਸਮ ਦਾ ਝਗੜ੍ਹਾ, ਅੰਤਰ ਆਦਿ ਪਾਇਆ ਜਾਂਦਾ ਹੈ ਤਾਂ ਉਹ ਵਰਕ ਰੈਗੂਲੇਸ਼ਨ 1997 ਵਿੱਚ ਸਮੇਂ-ਸਮੇਂ ਨਾਲ ਹੋਈਆਂ ਸੋਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਰਬਿਟਰੇਸ਼ਨ ਕਲਾਜ ਮੁਤਾਬਿਕ ਆਰਬਿਟਰੇਸ਼ਨ ਲਈ ਜਾ ਸਕਦਾ ਹੈ।

28. ਜੇਕਰ ਠੇਕੇਦਾਰ ਆਪਣੀ ਗੱਡੀ ਹਟਾਉਣਾ ਚਾਹੁੰਦਾ ਹੈ ਜਾਂ ਠੇਕਾ ਖਤਮ ਕਰਨਾ ਚਾਹੁੰਦਾ ਹੈ ਤਾਂ ਠੇਕੇਦਾਰ ਵਲੋ 30ਦਿਨਾਂ ਪਹਿਲਾਂ ਨੋਟਿਸ ਦੇਣਾ ਪਵੇਗਾ। ਨੋਟਿਸ ਨਾ ਦੇਣ ਦੀ ਸੂਰਤ ਵਿੱਚ 30ਦਿਨਾਂ ਦੀ ਰਕਮ ਠੇਕੇਦਾਰ ਦੇ ਬਿਲਾਂ/ ਸਕਿਊਰਟੀ ਵਿਚੋ ਮੁਆਵਜੇ ਦੇ ਤੋਰ ਤੇ ਕੱਟ ਲਈ ਜਾਵੇਗੀ।

29. ਲੋਕਡਾਉਨ ਜਾਂ ਇਸ ਤਰ੍ਹਾਂ ਦੀ ਕਿਸੇ ਹੋਰ ਸਥਿਤੀ ਦੇ ਮਾਮਲੇ ਵਿੱਚ, ਮਹੀਨਾਵਾਰ ਘੱਟੋਂ-ਘੱਟ ਕਿਲੋਮੀਟਰ ਤੋਂ ਅੱਟ ਕਿਲੋਮੀਟਰਾਂ ਲਈ ਵਾਧੂ ਕਿਲੋਮੀਟਰ ਦੀ ਦਰ ਵਸੂਲੀ ਜਾਵੇਗੀ।

30. ਜੇਕਰ ਭਵਿੱਖ ਵਿੱਚ ਭਾਰਤ ਸਰਕਾਰ ਵੱਲੋਂ ਡੀਜ਼ਲ ਵਾਹਨ ਬੰਦ ਕੀਤੇ ਜਾਂਦੇ ਹਨ, ਉਸ ਸੂਰਤ ਵਿੱਚ ਜੇਕਰ ਠੇਕੇਦਾਰ ਵੱਲੋਂ ਪਹਿਲਾਂ ਤੋਂ ਚੱਲਦੇ ਵਹੀਕਲ ਦੇ ਬਰਾਬਰ ਪੈਟਰੋਲ ਵਹੀਕਲ ਉਹੀ ਡੀਜ਼ਲ ਰੇਟ ਅਤੇ ਪਾਲਿਸੀ ਵਿੱਚ ਦਰਸਾਏ ਗਏ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਦਫਤਰ ਨੂੰ ਮੁਹੱਈਆ ਕਰਵਾਇਆ ਜਾਵੇਗਾ, ਤਦ ਉਹ ਮੰਨਿਆ ਜਾਵੇਗਾ।

ਅ) **ਪੇਸ਼ਗੀ ਰਕਮ**:-

E.M.D. (Rs. 11,000/- ਗਿਆਰ੍ਹਾਂ ਹਜਾਰ ਰੁਪਏ) ਡਿਮਾਂਡ ਡਰਾਫਟ ਦੇ ਰੂਪ ਵਿੱਚ ਜੋ ਕਿ "PSTCL" ਦੇ ਹੱਕ ਵਿੱਚ ਜੋ ਕਿ ਮਾਲੇਰਕੋਟਲਾ ਵਿਖੇ ਅਦਾਇਗੀ ਯੋਗ ਹੋਵੇ ਜਾਂ ਨਗਦ। ਬਿਨਾਂ ਪੇਸ਼ਗੀ ਰਕਮ ਕੁਟੇਸ਼ਨਾਂ ਨਹੀਂ ਲਈਆਂ ਜਾਣਗੀਆਂ। ਜਿਸ ਠੇਕੇਦਾਰ ਨੂੰ ਠੇਕਾ ਮਿਲੇਗਾ ਉਸ ਦੀ ਪੇਸ਼ਗੀ ਰਕਮ ਤਸੱਲੀਬਖਸ਼ ਠੇਕਾ ਪੂਰਾ ਹੋਣ ਉਪਰੰਤ ਵਾਪਿਸ ਕਰ ਦਿੱਤੀ ਜਾਵੇਗੀ ਅਤੇ ਬਾਕੀ ਠੇਕੇਦਾਰ (ਜਿਨ੍ਹਾਂ ਨੂੰ ਠੇਕਾ ਨਹੀਂ ਮਿਲੇਗਾ) ਦੀ ਪੇਸ਼ਗੀ ਰਕਮ ਠੇਕਾ ਅਲਾਟ/ ਮਿਲਣ ਦੀ ਮਿਤੀ ਤੋਂ 1 ਮਹੀਨੇ ਦੇ ਅੰਦਰ-ਅੰਦਰ ਠੇਕੇਦਾਰਾਂ ਵੱਲੋਂ

ਮੰਗ ਕੀਤੇ ਜਾਣ ਤੇ ਵਾਪਿਸ ਕਰ ਦਿੱਤੀ ਜਾਵੇਗੀ। ਕਿਸੇ ਵੀ ਹਾਲਤ ਵਿੱਚ ਕਾਰਪੋਰੇਸ਼ਨ ਵੱਲੋਂ ਪੇਸ਼ਗੀ ਰਕਮ ਤੇ ਬਿਆਜ ਨਹੀ ਦਿੱਤਾ ਜਾਵੇਗਾ।

ੲ) **ਕੁਟੇਸ਼ਨ ਦੇਣ ਸਮੇਂ ਜਨਰਲ ਸ਼ਰਤਾਂ :-**

1) ਨਿਮਨਹਸਤਾਖਰ ਕਰਤਾ ਕਿਸੇ ਵੀ ਟੈਂਡਰ ਨੂੰ ਜਾਂ ਸਾਰੇ ਹੀ ਟੈਂਡਰ ਨੂੰ ਬਿਨਾਂ ਕਾਰਨ ਦੱਸੇ ਰੱਦ ਕਰ ਸਕਦਾ ਹੈ।

2) ਟੈਲੀਗ੍ਰਾਫ/ ਫੈਕਸ ਰਾਹੀ/ ਕੰਡੀਸ਼ਨਲ ਕੁਟੇਸ਼ਨਾਂ ਪ੍ਰਾਪਤ/ਮੰਨਜੂਰ ਨਹੀਂ ਕੀਤੀਆਂ ਜਾਣਗੀਆਂ।

3) ਬਿਨ੍ਹਾਂ ਪੇਸ਼ਗੀ ਰਕਮ (E.M.D.) ਤੋਂ ਕੁਟੇਸ਼ਨਾਂ ਪ੍ਰਾਪਤ/ਮੰਨਜੂਰ ਨਹੀਂ ਕੀਤੀਆਂ ਜਾਣਗੀਆਂ।

4) ਜੇਕਰ ਟੈਂਡਰ ਖੋਲਣ ਵਾਲੇ ਦਿਨ ਕੋਈ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਟੈਂਡਰ ਅਗਲੇ ਕੰਮ ਕਾਜੀ ਵਾਲੇ ਦਿਨ ਉਸੇ ਸਮੇਂ ਖੋਲਿਆ ਜਾਵੇਗਾ।

5) ਟੈਂਡਰ ਦੋ ਅਲੱਗ-ਅਲੱਗ ਲਿਫਾਫਿਆ ਵਿੱਚ ਜਮ੍ਹਾ ਕਰਵਾਇਆ ਜਾਵੇ। ਇੱਕ ਲਿਫਾਫੇ ਵਿੱਚ ਮੇਨ ਟੈਂਡਰ (ਸਾਰੀਆ ਕਾਪੀਆਂ) ਅਤੇ ਦੂਸਰੇ ਵਿੱਚ ਜਮਾਨਤੀ ਰਕਮ ਹੋਣੀ ਚਾਹੀਦੀ ਹੈ। ਟੈਂਡਰ ਖੋਲ੍ਹਣ ਸਮੇਂ ਜਮਾਨਤੀ ਰਕਮ ਵਾਲਾ ਲਿਫਾਫਾ ਪਹਿਲਾ ਖੋਲ੍ਹਿਆ ਜਾਵੇਗਾ ਅਤੇ ਇਹ ਠੀਕ ਪਾਏ ਜਾਣ ਤੇ ਹੀ ਦਸਤਾਵੇਜਾਂ ਵਾਲਾ ਦੂਸਰਾ ਲਿਫਾਫਾ ਖੋਲ੍ਹਿਆ ਜਾਵੇਗਾ।

6) ਟੈਂਡਰ ਵਾਲੇ ਲਿਫਾਫੇ ਤੇ ਟੈਂਡਰ ਦਾ ਨਾਮ ਲਿਖਣਾ ਲਾਜਮੀ ਹੈ। ਠੇਕੇਦਾਰ ਵਲੋ ਆਪਣੇ ਹੱਥ ਨਾਲ ਕੁਟੇਸ਼ਨਾਂ ਵਿੱਚ ਰੇਟ ਸਿਆਹੀ ਵਾਲੇ ਪੈਨ ਨਾਲ ਲਿਖੇ ਜਾਣ।

7) ਜੋ ਠੇਕੇਦਾਰ ਇਸ ਦਫਤਰ ਤੋਂ ਟੈਂਡਰ ਡਾਕੂਮੈਂਟ, ਵਿਸਤਾਰਪੂਰਵਕ ਸ਼ਰਤਾਂ ਅਤੇ ਨਿਯਮ ਇਸ ਦਫਤਰ ਵਿੱਚੋਂ ਪ੍ਰਾਪਤ ਨਹੀਂ ਕਰੇਗਾ, ਉਸ ਦੇ ਟੈਂਡਰ ਮੰਨਜੂਰ ਨਹੀ ਕੀਤੇ ਜਾਣਗੇ।

8) ਸਾਰੇ ਟੈਂਡਰਾਂ ਦੇ ਨਾਲ ਨਿਰਧਾਰਿਤ ਮਾਤਰਾ ਵਿੱਚ ਜਮਾਨਤੀ ਰਕਮ ਜਮ੍ਹਾ ਕਰਵਾਉਣੀ ਪਵੇਗੀ।

9) ਕੁਟੇਸ਼ਨਾਂ ਦੇ ਰੇਟਾਂ ਦੀ ਮਿਆਦ 120 **ਦਿਨ** ਤੱਕ ਰਹੇਗੀ।

10) ਜੇਕਰ ਤੁਸੀਂ ਮਹਿਕਮੇਂ ਨਾਲ ਕੀਤੇ ਇਕਰਾਰਨਾਮੇ ਦੀ ਉਲੰਘਣਾ ਕਰਦੇ ਹੋ ਤਾਂ ਤੁਹਾਡੀ ਜਮਾਨਤੀ ਰਕਮ ਜਬਤ ਕੀਤੀ ਜਾ ਸਕਦੀ ਹੈ।

11) ਠੇਕੇਦਾਰ ਵੱਲੋਂ ਕੁਟੇਸ਼ਨ ਦੇ ਨਾਲ ਪੈਨ-ਨੰਬਰ ਦੀ ਕਾਪੀ ਮੁਹੱਈਆਂ ਕਰਵਾਉਣੀ ਲਾਜ਼ਮੀ ਹੋਵੇਗੀ।

ਸ) **ਗੱਡੀ ਨਾਲ ਸਬੰਧਤ ਬਿਲ ਦੀ ਮਹੀਨੇਵਾਰ ਅਦਾਇਗੀ ਨਾਲ ਸਬੰਧਤ ਸ਼ਰਤਾਂ ਅਤੇ ਨਿਯਮ:-**

1: ਬਿਲ ਵਿੱਚੋਂ ਨਿਯਮਾਂ ਅਨੁਸਾਰ ਆਮਦਨ ਕਰ ਕੱਟਿਆ ਜਾਵੇਗਾ। ਪੈਨ ਨੰਬਰ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਮੁਹੱਈਆਂ ਕਰਵਾਇਆ ਜਾਵੇਗਾ, ਪੈਨ ਨੰਬਰ ਨਾ ਮੁਹੱਈਆਂ ਕਰਵਾਉਣ ਦੀ ਸੂਰਤ ਵਿੱਚ ਆਮਦਨ ਕਰ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਕਟੌਤੀ ਕੀਤੀ ਜਾਵੇਗੀ।

2: ਟੈਂਡਰ ਸਮੇਂ ਜਮ੍ਹਾਂ ਕਰਵਾਈ ਗਈ ਪੇਸ਼ਗੀ ਰਕਮ ਨੂੰ ਜਮਾਨਤ ਰਕਮ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਜਮਾਨਤ ਵੱਜੋਂ ਬਦਲੀ ਗਈ ਪੇਸ਼ਗੀ ਰਕਮ ਦੇ ਹਿਸਾਬ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ ਸਮੇਂ-ਸਮੇਂ ਤੇ ਕੀਤੇ ਕੰਮ ਦੀ ਕੁੱਲ ਕੀਮਤ ਦਾ 5% ਦੀ ਦਰ ਤੇ ਬਣਦੇ ਬਿਲ ਵਿੱਚੋਂ ਜਮਾਨਤ ਰਕਮ ਦੀ ਕਟੋਤੀ ਕੀਤੀ ਜਾਵੇਗੀ। ਜਮਾਨਤ ਰਕਮ ਉੱਤੇ ਠੇਕੇਦਾਰ ਨੂੰ ਕੋਈ ਬਿਆਜ ਨਹੀ ਦਿੱਤਾ ਜਾਵੇਗਾ।

3: ਸਬੰਧਤ ਅਧਿਕਾਰੀ ਵੱਲੋਂ ਪਿਛਲੇ ਮਹੀਨੇ ਦੇ ਬਿਲ ਦੀ ਅਦਾਇਗੀ ਬਿਲ ਪੇਸ਼ ਕਰਨ ਦੀ ਮਿਤੀ ਤੋਂ 30-**ਦਿਨਾਂ** ਦੇ ਅੰਦਰ-ਅੰਦਰ ਲਾਗਬੁੱਕ ਵੈਰੀਫਾਈ ਕਰਨ ਉਪਰੰਤ ਕਰ ਦਿਤੀ ਜਾਵੇਗੀ।

4: ਚੱਲੇ ਹੋਏ ਕਿਲੋਮੀਟਰ ਜਿਹੜੇ ਸਮਰੱਥ ਅਧਿਕਾਰੀ ਵੱਲੋਂ ਤਸਦੀਕ ਨਹੀਂ ਕੀਤੇ ਹੋਣਗੇ, ਉਹਨਾਂ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

5: ਅਦਾਇਗੀ ਲਈ ਠੇਕੇਦਾਰ ਵੱਲੋਂ ਬੈਂਕ ਖਾਤੇ ਸਬੰਧੀ ਜਾਣਕਾਰੀ (ਬੈਂਕ ਦਾ ਨਾਮ, ਖਾਤਾ ਨੰਬਰ, ਬੈਂਕ ਦਾ IFSC ਕੋਡ, ਬਰਾਂਚ ਪਤਾ ਆਦਿ) ਨਿਮਨਹਸਤਾਖਰ ਦੇ ਦਫਤਰ ਵਿਖੇ ਬਿਲ ਨਾਲ ਦੇਣੀ ਹੋਵੇਗੀ। ਕੋਈ ਵੀ ਅਡਵਾਂਸ ਅਦਾਇਗੀ ਕਾਰਪੋਰੇਸ਼ਨ ਵੱਲੋਂ ਨਹੀ ਕੀਤੀ ਜਾਵੇਗੀ।

ਸੀਨੀਅਰ ਕਾਰਜਕਾਰੀ ਇੰਜੀ:/ ਪੀਤੇਐਮ ਮੰਡਲ,
ਪੀ.ਐਸ.ਟੀ.ਸੀ.ਐਲ., ਮਾਲੇਰਕੋਟਲਾ।